"ਬ੍ਰਹਮਾ ਬਾਪ ਸਮਾਨ ਤਿਆਗ , ਤਪੱਸਿਆ ਅਤੇ ਸੇਵਾ ਦਾ ਵਾਇਬ੍ਰੇਸ਼ਨ ਵਿਸ਼ਵ ਵਿਚ ਫੈਲਾਓ"

ਅੱਜ ਸਮਰਥ ਬਾਪਦਾਦਾ ਆਪਣੇ ਸਮਰੱਥ ਬੱਚਿਆਂ ਨੂੰ ਵੇਖ ਰਹੇ ਹਨ। ਅੱਜ ਦਾ ਦਿਨ ਸਮ੍ਰਿਤੀ ਦਿਵਸ ਸੋ ਸਮਰੱਥ ਦਿਵਸ ਹੈ। ਅੱਜ ਦਾ ਦਿਨ ਬੱਚਿਆਂ ਨੂੰ ਸਰਵ ਸ਼ਕਤੀਆਂ ਵਿਲ ਵਿਚ ਦੇਣ ਦਾ ਦਿਨ ਹੈ। ਦੁਨੀਆਂ ਵਿਚ ਅਨੇਕ ਤਰ੍ਹਾਂ ਦੀ ਵਿਲ ਹੁੰਦੀ ਹੈ। ਪਰ ਬ੍ਰਹਮਾ ਬਾਪ ਨੇ ਬਾਪ ਤੋਂ ਪ੍ਰਾਪਤ ਹੋਈਆਂ ਸਰਵ ਸ਼ਕਤੀਆਂ ਦੀ ਵਿਲ ਬੱਚਿਆਂ ਨੂੰ ਕੀਤੀ। ਅਜਿਹੀ ਅਲੌਕਿਕ ਵਿਲ ਹੋਰ ਕੋਈ ਵੀ ਕਰ ਨਹੀਂ ਸਕਦੇ ਹਨ। ਬਾਪ ਨੇ ਬ੍ਰਹਮਾ ਬਾਪ ਨੂੰ ਸਾਕਾਰ ਵਿਚ ਨਿਮਿਤ ਬਣਾਇਆ ਅਤੇ ਬ੍ਰਹਮਾ ਬਾਪ ਨੇ ਬੱਚਿਆਂ ਨੂੰ ਨਿਮਿਤ ਭਵ ਦਾ ਵਰਦਾਨ ਦੇ ਵਿਲ ਕੀਤਾ। ਇਹ ਵਿਲ ਬੱਚਿਆਂ ਵਿਚ ਸਹਿਜ ਪਾਵਰਜ਼ ਦੀ (ਸ਼ਕਤੀਆਂ ਦੀ) ਅਨੁਭੂਤੀ ਕਰਾਉਂਦੀ ਰਹਿੰਦੀ ਹੈ। ਇੱਕ ਹੈ ਆਪਣੇ ਪੁਰਸ਼ਾਰਥ ਦੀ ਪਾਵਰਜ਼ ਅਤੇ ਇਹ ਹੈ ਪ੍ਰਮਾਤਮ ਵਿਲ ਦੁਆਰਾ ਪਾਵਰਜ਼ ਦੀ ਪ੍ਰਾਪਤੀ। ਇਹ ਪ੍ਰਭੂ ਦੇਣ ਹੈ, ਪ੍ਰਭੂ ਵਰਦਾਨ ਹੈ। ਇਹ ਪ੍ਰਭੂ ਵਰਦਾਨ ਚਲ ਰਿਹਾ ਹੈ। ਵਰਦਾਨ ਵਿਚ ਪੁਰਸ਼ਾਰਥ ਦੀ ਮੇਹਨਤ ਨਹੀਂ ਲੇਕਿਨ ਸਹਿਜ ਅਤੇ ਸਵਤਾ ਨਿਮਿਤ ਬਣਾਕੇ ਚਲਾਉਂਦੇ ਰਹਿੰਦੇ ਹਨ। ਸਾਮਨੇ ਥੋੜੇ ਜਿਹੇ ਰਹੇ ਲੇਕਿਨ ਬਾਪਦਾਦਾ ਦੁਆਰਾ, ਵਿਸ਼ੇਸ਼ ਬ੍ਰਹਮਾ ਬਾਪ ਦੁਆਰਾ ਵਿਸ਼ੇਸ਼ ਬੱਚਿਆਂ ਨੂੰ ਇਹ ਵਿਲ ਪ੍ਰਾਪਤ ਹੋਈ ਹੈ ਅਤੇ ਬਾਪਦਾਦਾ ਨੇ ਵੀ ਵੇਖਿਆ ਕਿ ਜਿਨ੍ਹਾਂ ਬੱਚਿਆਂ ਨੂੰ ਬਾਪ ਨੇ ਵਿਲ ਕੀਤੀ ਉਨ੍ਹਾਂ ਸਭ ਬੱਚਿਆਂ ਨੇ ( ਆਦਿ ਰਤਨਾਂ ਨੇ ਅਤੇ ਸੇਵਾ ਦੇ ਨਿਮਿਤ ਬੱਚਿਆਂ ਨੇ) ਉਸ ਪ੍ਰਾਪਤ ਵਿਲ ਨੂੰ ਚੰਗੀ ਤਰ੍ਹਾਂ ਨਾਲ ਕੰਮ ਵਿਚ ਲਗਾਇਆ। ਅਤੇ ਉਸ ਵਿਲ ਦੇ ਕਾਰਣ ਅੱਜ ਇਹ ਬ੍ਰਾਹਮਣ ਪਰਿਵਾਰ ਦਿਨ ਪ੍ਰਤੀਦਿਨ ਵਧਦਾ ਹੀ ਜਾਂਦਾ ਹੈ। ਬੱਚਿਆਂ ਦੀ ਵਿਸ਼ੇਸ਼ਤਾ ਦੇ ਕਾਰਣ ਇਹ ਵ੍ਰਿਧੀ ਹੋਣੀ ਸੀ ਅਤੇ ਹੋ ਰਹੀ ਹੈ।

ਬਾਪ ਨੇ ਵੇਖਿਆ ਕਿ ਨਿਮਿਤ ਬਣੇ ਹੋਏ ਅਤੇ ਸਾਥ ਦੇਣ ਵਾਲੇ ਦੋਵਾਂ ਤਰ੍ਹਾਂ ਦੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਬਹੁਤ ਚੰਗੀਆਂ ਰਹੀਆਂ। ਪਹਿਲੀ ਵਿਸ਼ੇਸ਼ਤਾ - ਭਾਵੇਂ ਸਥਾਪਨਾ ਦੇ ਆਦਿ ਰਤਨ, ਭਾਵੇਂ ਸੇਵਾ ਦੇ ਰਤਨ ਦੋਵਾਂ ਵਿਚ ਸੰਗਠਨ ਦੀ ਯੂਨਿਟੀ ਬਹੁਤ ਬਹੁਤ ਵਧੀਆ ਰਹੀ। ਕਿਸੇ ਵਿਚ ਵੀ ਕਿਉਂ, ਕੀ, ਕਿਵੇਂ - ਇਹ ਸੰਕਲਪ ਮਾਤਰ ਵੀ ਨਹੀਂ ਰਿਹਾ। ਦੂਸਰੀ ਵਿਸ਼ੇਸ਼ਤਾ - ਇੱਕ ਨੇ ਕਿਹਾ ਦੂਜੇ ਨੇ ਮੰਨਿਆ। ਇਹ ਐਕਸਟ੍ਰਾ ਪਾਵਰ ਦੇ ਵਿਲ ਦੇ ਵਾਯੂਮੰਡਲ ਵਿੱਚ ਵਿਸ਼ੇਸ਼ਤਾ ਰਹੀ ਇਸਲਈ ਸਰਵ ਨਿਮਿਤ ਬਣੀ ਹੋਈ ਆਤਮਾਵਾਂ ਨੂੰ ਬਾਬਾ - ਬਾਬਾ ਹੀ ਵਿਖਾਈ ਦਿੰਦਾ ਰਿਹਾ।

ਬਾਪਦਾਦਾ ਅਜਿਹੇ ਸਮੇਂ ਤੇ ਨਿਮਿਤ ਬਣੇ ਹੋਏ ਬੱਚਿਆਂ ਨੂੰ ਦਿਲ ਤੋਂ ਪਿਆਰ ਦੇ ਰਹੇ ਹਨ। ਬਾਪ ਦੀ ਕਮਾਲ ਤੇ ਹੈ ਹੀ ਲੇਕਿਨ ਬੱਚਿਆਂ ਦੀ ਕਮਾਲ ਵੀ ਘਟ ਨਹੀ ਹੈ। ਅਤੇ ਉਸ ਵੇਲੇ ਦਾ ਸੰਗਠਨ, ਯੁਨਿਟੀ - ਅਸੀਂ ਸਭ ਇੱਕ ਹਾਂ, ਉਹ ਵੀ ਅੱਜ ਵੀ ਸੇਵਾ ਨੂੰ ਵਧਾ ਰਹੀ ਹੈ। ਕਿਉਂ? ਨਿਮਿਤ ਬਣੀਆਂ ਹੋਈਆਂ ਆਤਮਾਵਾਂ ਦਾ ਫਾਉਂਡੇਸ਼ਨ ਪੱਕਾ ਰਿਹਾ ਤਾਂ ਬਾਪਦਾਦਾ ਵੀ ਅੱਜ ਦੇ ਦਿਨ ਬੱਚਿਆਂ ਦੀ ਕਮਾਲ ਨੂੰ ਗਾ ਰਹੇ ਸਨ। ਬੱਚਿਆਂ ਨੇ ਚਾਰੋਂ ਪਾਸੇ ਤੋਂ ਪਿਆਰ ਦੀਆਂ ਮਾਲਾ ਪਹਿਨਾਈਆਂ ਅਤੇ ਬਾਪ ਨੇ ਬੱਚਿਆਂ ਦੀ ਕਮਾਲ ਦੇ ਗੁਣਗਾਨ ਕੀਤੇ। ਇੰਨਾਂ ਸਮੇਂ ਚਲਣਾ ਇਹ ਸੋਚਿਆ ਸੀ? ਕਿੰਨਾਂ ਸਮਾਂ ਹੋ ਗਿਆ? ਸਭ ਦੇ ਮੂੰਹ ਤੋਂ ਦਿਲ ਤੋਂ ਇਹ ਹੀ ਨਿਕਲਦਾ ਹੈ, ਚਲਣਾ ਹੈ, ਹੁਣ ਚਲਣਾ ਹੈ… ਲੇਕਿਨ ਬਾਪਦਾਦਾ ਜਾਣਦੇ ਸਨ ਕਿ ਹਾਲੇ ਅਵਿਅਕਤ ਰੂਪ ਦੀ ਸੇਵਾ ਹੋਣੀ ਹੈ। ਸਾਕਾਰ ਵਿਚ ਇਤਨਾ ਵੱਡਾ ਹਾਲ ਬਣਾਇਆ ਸੀ? ਬਾਬਾ ਦੇ ਅਤਿ ਲਾਡਲੇ ਡਬਲ ਵਿਦੇਸ਼ੀ ਆਏ ਸਨ? ਤਾਂ ਵਿਸ਼ੇਸ਼ ਡਬਲ ਵਿਦੇਸ਼ੀਆਂ ਦਾ ਅਵਿਅਕਤ ਪਾਲਣਾ ਦੁਆਰਾ ਅਲੌਕਿਕ ਜਨਮ ਹੋਣਾ ਹੀ ਸੀ, ਇਤਨੇ ਸਭ ਬੱਚਿਆਂ ਨੂੰ ਆਉਣਾ ਹੀ ਸੀ। ਇਸਲਈ ਬ੍ਰਹਮਾ ਬਾਪ ਨੂੰ ਆਪਣਾ ਸਾਕਾਰ ਸ਼ਰੀਰ ਵੀ ਛੱਡਣਾ ਪਿਆ। ਡਬਲ ਵਿਦੇਸ਼ੀਆਂ ਨੂੰ ਨਸ਼ਾ ਹੈ ਕਿ ਅਸੀਂ ਅਵਿਅਕਤ ਪਾਲਣਾ ਦੇ ਪਾਤਰ ਹਾਂ?

ਬ੍ਰਹਮਾ ਬਾਪ ਦਾ ਤਿਆਗ ਡਰਾਮਾ ਵਿਚ ਵਿਸ਼ੇਸ਼ ਨੂੰਧਿਆ ਹੋਇਆ ਹੈ। ਆਦਿ ਤੋਂ ਬ੍ਰਹਮਾ ਬਾਪ ਦਾ ਤਿਆਗ ਅਤੇ ਤੁਸੀ ਬੱਚਿਆਂ ਦਾ ਭਾਗ ਨੂੰਧਿਆ ਹੋਇਆ ਹੈ। ਸਭ ਤੋਂ ਨੰਬਰਵਨ ਤਿਆਗ ਦਾ ਇਗਜਾਂਮਪਲ ਬ੍ਰਹਮਾ ਬਾਪ ਬਣਿਆ। ਤਿਆਗ ਉਸਨੂੰ ਕਿਹਾ ਜਾਂਦਾ ਹੈ - ਜੋ ਸਭ ਕੁਝ ਪ੍ਰਾਪਤ ਹੁੰਦੇ ਹੋਏ ਵੀ ਤਿਆਗ ਕਰੇ। ਸਮੇਂ ਅਨੁਸਾਰ, ਸਮੱਸਿਆਂਵਾਂ ਦੇ ਅਨੁਸਾਰ ਤਿਆਗ ਸ੍ਰੇਸ਼ਠ ਤਿਆਗ ਨਹੀਂ ਹੈ। ਸ਼ੁਰੂ ਤੋਂ ਹੀ ਦੇਖੋ ਤਨ, ਮਨ, ਧਨ , ਸੰਬੰਧ, ਸਰਵ ਪ੍ਰਾਪਤੀ ਹੁੰਦੇ ਹੋਏ ਤਿਆਗ ਕੀਤਾ। ਸ਼ਰੀਰ ਦਾ ਵੀ ਤਿਆਗ ਕੀਤਾ, ਸਭ ਸਾਧਨ ਹੁੰਦੇ ਹੋਏ ਵੀ ਖੁਦ ਪੁਰਾਣੇ ਵਿਚ ਹੀ ਰਹੇ। ਸਾਧਨਾਂ ਦਾ ਆਰੰਭ ਹੋ ਗਿਆ ਸੀ। ਹੁੰਦੇ ਹੋਏ ਵੀ ਸਾਧਨਾਂ ਵਿਚ ਅਟਲ ਰਹੇ। ਇਹ ਬ੍ਰਹਮਾ ਦੀ ਤਪੱਸਿਆ ਤੁਸੀ ਸਭ ਬੱਚਿਆਂ ਦਾ ਭਾਗ ਬਣਾ ਕੇ ਗਈ। ਡਰਾਮਾ ਅਨੁਸਾਰ ਅਜਿਹੇ ਤਿਆਗ ਦਾ ਇਗਜਾਂਪਲ ਰੂਪ ਵਿਚ ਬ੍ਰਹਮਾ ਹੀ ਬਣਿਆ ਅਤੇ ਇਸੇ ਤਿਆਗ ਨੇ ਸੰਕਲਪ ਸ਼ਕਤੀ ਦੀ ਸੇਵਾ ਦਾ ਵਿਸ਼ੇਸ਼ ਪਾਰ੍ਹ ਬਣਾਇਆ। ਜੋ ਨਵੇਂ -ਨਵੇਂ ਬੱਚੇ ਸੰਕਲਪ ਸ਼ਕਤੀ ਨਾਲ ਫਾਸਟ ਵ੍ਰਿਧੀ ਨੂੰ ਪ੍ਰਾਪਤ ਕਰ ਰਹੇ ਹਨ। ਤਾਂ ਸੁਣਿਆ ਬ੍ਰਹਮਾ ਦੇ ਤਿਆਗ ਦੀ ਕਹਾਣੀ।

ਬ੍ਰਹਮਾ ਦੀ ਤਪੱਸਿਆ ਦਾ ਫਲ ਤੁਸੀਂ ਬੱਚਿਆਂ ਨੂੰ ਮਿਲ ਰਿਹਾ ਹੈ। ਤਪੱਸਿਆ ਦਾ ਪ੍ਰਭਾਵ ਇਸ ਮਧੂਬਨ ਭੂਮੀ ਵਿੱਚ ਸਮਾਇਆ ਹੋਇਆ

ਹੈ। ਨਾਲ ਬੱਚੇ ਵੀ ਹਨ, ਬੱਚਿਆਂ ਦੀ ਵੀ ਤਪੱਸਿਆ ਹੈ ਪਰ ਨਿਮਿਤ ਤਾਂ ਬ੍ਰਹਮਾ ਬਾਪ ਕਹਾਂਗੇ। ਜੋ ਵੀ ਮਧੂਬਨ ਤੱਪਸਵੀ ਭੂਮੀ ਵਿੱਚ ਆਉਦੇ ਹਨ ਬ੍ਰਾਹਮਣ ਬੱਚੇ ਵੀ ਅਨੁਭਵ ਕਰਦੇ ਹਨ ਕਿ ਇੱਥੇ ਦਾ ਵਾਯੂਮੰਡਲ, ਇੱਥੇ ਦੇ ਵਾਈਬ੍ਰੇਸ਼ਨ ਸਹਿਜਯੋਗੀ ਬਣਾ ਦਿੰਦੇ ਹਨ। ਯੋਗ ਲਗਾਉਣ ਦੀ ਮਿਹਨਤ ਨਹੀਂ, ਸਹਿਜ ਲਗ ਜਾਂਦਾ ਹੈ ਅਤੇ ਕਿਵੇਂ ਦੀਆਂ ਵੀ ਆਤਮਾਵਾਂ ਆਉਦੀਆਂ ਹਨ, ਉਹ ਕੁਝ ਨਾ ਕੁਝ ਅਨੁਭਵ ਕਰਕੇ ਹੀ ਜਾਂਦੀਆਂ ਹਨ। ਗਿਆਨ ਨੂੰ ਨਹੀਂ ਸਮਝਦੇ ਪਰ ਅਲੌਕਿਕ ਪਿਆਰ ਅਤੇ ਸ਼ਾਂਤੀ ਦਾ ਅਨੁਭਵ ਕਰਕੇ ਹੀ ਜਾਂਦੇ ਹਨ। ਕੁਝ ਨਾ ਕੁਝ ਪਰਿਵਰਤਨ ਕਰਨ ਦਾ ਸੰਕਲਪ ਕਰਕੇ ਹੀ ਜਾਂਦੇ ਹਨ। ਇਹ ਹੈ ਬ੍ਰਹਮਾ ਅਤੇ ਬ੍ਰਾਹਮਣ ਬੱਚਿਆਂ ਦੀ ਤਪੱਸਿਆ ਦਾ ਪ੍ਰਭਾਵ। ਨਾਲ ਸੇਵਾ ਦੀ ਵਿਧੀ - ਵੱਖ - ਵੱਖ ਤਰ੍ਹਾਂ ਦੀ ਸੇਵਾ ਬੱਚਿਆਂ ਕੋਲੋਂ ਪ੍ਰੈਕਟਿਕਲ ਵਿੱਚ ਕਰਾਕੇ ਦਿਖਾਈ। ਉਸੀ ਵਿਧੀ ਨੂੰ ਹੁਣ ਵਿਸਤਾਰ ਵਿੱਚ ਲਿਆ ਰਹੇ ਹੋ। ਤਾਂ ਜਿਵੇਂ ਬ੍ਰਹਮਾ ਬਾਪ ਦੇ ਤਿਆਗ, ਤਪੱਸਿਆ, ਸੇਵਾ ਦਾ ਫਲ ਤੁਸੀਂ ਸਭ ਬੱਚਿਆਂ ਨੂੰ ਮਿਲ ਰਿਹਾ ਹੈ। ਇਵੇਂ ਹਰ ਇੱਕ ਬੱਚਾ ਆਪਣੇ ਤਿਆਗ , ਤਪੱਸਿਆ ਅਤੇ ਸੇਵਾ ਦਾ ਵਾਈਬ੍ਰੇਸ਼ਨ ਵਿਸ਼ਵ ਵਿੱਚ ਫੈਲਾਏ। ਜਿਵੇਂ ਸਾਂਇੰਸ ਦਾ ਬਲ ਆਪਣਾ ਪ੍ਰਭਾਵ ਪ੍ਰਤੱਖ ਰੂਪ ਵਿੱਚ ਦਿਖਾ ਰਿਹਾ ਹੈ ਇਵੇਂ ਸਾਇੰਸ ਦੀ ਵੀ ਰਚਤਾ ਸਾਈਲੈਂਸ ਬਲ ਹੈ। ਸਾਈਲੈਂਸ ਬਲ ਨੂੰ ਹੁਣ ਪ੍ਰਤੱਖ ਦਿਖਾਉਣ ਦਾ ਸਮੇਂ ਹੈ। ਸਾਈਲੈਂਸ ਬਲ ਦਾ ਵਾਈਬ੍ਰੇਸ਼ਨ ਤੀਵ੍ਰਗਤੀ ਫੈਲਾਉਣ ਦਾ ਸਾਧਨ ਹੈ - ਮਨ ਬੁੱਧੀ ਦੀ ਇਕਾਗ੍ਰਤਾ । ਇਹ ਇਕਾਗ੍ਰਤਾ ਦਾ ਅਭਿਆਸ ਵੱਧਣਾ ਚਾਹੀਦਾ ਹੈ। ਇਕਾਗ੍ਰਤਾ ਦੀ ਸ਼ਕਤੀਆਂ ਦਵਾਰਾ ਹੀ ਵਾਯੂਮੰਡਲ ਬਣਾ ਸਕਦੇ ਹੋ। ਹਲਚਲ ਦੇ ਕਾਰਣ ਪਾਵਰਫੁੱਲ ਵਾਈਬ੍ਰੇਸ਼ਨ ਬਣ ਨਹੀਂ ਪਾਉਂਦਾ।

ਬਾਪਦਾਦਾ ਅੱਜ ਦੇਖ ਰਹੇ ਸਨ ਕਿ ਇਕਾਗ੍ਰਤਾ ਦੀ ਸ਼ਕਤੀ ਹੁਣ ਜ਼ਿਆਦਾ ਚਾਹੀਦੀ ਹੈ। ਸਭ ਬ੍ਰਹਮਾ ਬਾਪ ਦੇ ਹਰ ਕੰਮ ਦੇ ਉਤਸ਼ਾਹ ਨੂੰ ਦੇਖਿਆ ਹੀ ਹੈ। ਜਿਵੇਂ ਸ਼ੁਰੂ ਵਿੱਚ ਉਮੰਗ ਸੀ, ਮਾਂ ਬਾਪ ਇਹ ਹੀ ਸ਼ਿਵ ਬਾਪ ਨੂੰ ਕਹਿੰਦੇ - ਹੁਣ ਘਰ ਦੇ ਦਰਵਾਜੇ ਦੀ ਚਾਬੀ ਦਵੋ। ਪਰ ਨਾਲ ਜਾਣ ਵਾਲੇ ਵੀ ਤਿਆਰ ਹੋਣ। ਇਕੱਲੇ ਕੀ ਕਰੇਗਾ! ਤਾਂ ਹੁਣ ਨਾਲ ਜਾਣਾ ਹੈ ਜਾਂ ਪਿੱਛੇ -ਪਿੱਛੇ ਜਾਣਾ ਹੈ? ਨਾਲ ਜਾਣਾ ਹੈ ਨਾ? ਤਾਂ ਬ੍ਰਹਮਾ ਬਾਪ ਕਹਿੰਦੇ ਹਨ ਕਿ ਬੱਚਿਆਂ ਕੋਲੋਂ ਪੁੱਛੋ ਜੇਕਰ ਬਾਪ ਚਾਬੀ ਦੇ ਦਵੇ ਤਾਂ ਤੁਸੀਂ ਏਵਰਰੇਡੀ ਹੋ ? ਏਵਰਰੇਡੀ ਹੋ ਜਾਂ ਰੇਡੀ ਹੋ? ਰੇਡੀ ਨਹੀਂ, ਏਵਰਰੇਡੀ। ਤਿਆਗ, ਤਪੱਸਿਆ, ਸੇਵਾ ਤਿੰਨੋ ਹੀ ਪੇਪਰ ਤਿਆਰ ਹੋ ਗਏ ਹਨ? ਬ੍ਰਹਮਾ ਬਾਪ ਮੁਸਕੁਰਾਉਂਦੇ ਹਨ ਕਿ ਪਿਆਰ ਦੇ ਅਥਰੂ ਬਹਾਉਦੇ ਹਨ ਅਤੇ ਬ੍ਰਹਮਾ ਬਾਪ ਉਹ ਅਥਰੂ ਮੋਤੀ ਸਮਾਨ ਦਿਲ ਵਿੱਚ ਸਮਾਉਂਦੇ ਵੀ ਹਨ ਪਰ ਇੱਕ ਸੰਕਲਪ ਚੱਲਦਾ ਕਿ ਸਭ ਏਵਰਰੇਡੀ ਕਦੋ ਬਣਨਗੇ! ਡੇਟ ਦੇ ਦੇਣ। ਤੁਸੀ ਕਹੋਗੇ ਕਿ ਅਸੀਂ ਤੇ ਏਵਰਰੇਡੀ ਹੈ, ਪਰ ਤੁਹਾਡੇ ਜੋ ਸਾਥੀ ਹਨ ਉਹਨਾਂ ਨੂੰ ਵੀ ਤਾਂ ਬਣਾਓ ਜਾਂ ਉਹਨਾਂ ਨੂੰ ਛੱਡ ਕੇ ਚੱਲ ਪਵੋਗੇ? ਤੁਸੀਂ ਕਹੋਗੇ ਕਿ ਬ੍ਰਹਮਾ ਬਾਪ ਵੀ ਤੇ ਚਲਾ ਗਿਆ ਨਾ! ਪਰ ਉਹਨਾਂ ਨੂੰ ਤੇ ਇਹ ਰਚਨਾ ਰਚਨੀ ਸੀ। ਫਾਸਟ ਵ੍ਰਿਧੀ ਦੀ ਜਿੰਮੇਵਾਰੀ ਸੀ,ਤਾਂ ਸਭ ਏਵਰਰੇਡੀ ਹਨ ਇੱਕ ਨਹੀਂ? ਸਭ ਨੂੰ ਨਾਲ ਲੈ ਜਾਣਾ ਹੈ ਨਾ ਜਾਂ ਇਕੱਲੇ - ਇਕੱਲੇ ਜਾਣਗੇ? ਤਾਂ ਸਭ ਏਵਰਰੇਡੀ ਹੋ ਜਾਣਗੇ? ਬੋਲੋ। ਘਟ ਤੋਂ ਘਟ 9 ਲੱਖ ਤਾਂ ਨਾਲ ਜਾਣ। ਨਹੀਂ ਤਾਂ ਰਾਜ ਕਿਸ ਤੇ ਕਰਨਗੇ? ਆਪਣੇ ਉਪਰ ਰਾਜ ਕਰੋਗੇ? ਤਾਂ ਬ੍ਰਹਮਾ ਬਾਪ ਦੀ ਇਹ ਹੀ ਸਭ ਬੱਚਿਆਂ ਦੇ ਪ੍ਰਤੀ ਸ਼ੁਭ ਭਾਵਨਾ ਹੈ ਕਿ ਏਵਰਰੇਡੀ ਬਣੋ ਅਤੇ ਏਵਰਰੇਡੀ ਬਣਾਓ।

ਅੱਜ ਵਤਨ ਵਿੱਚ ਵੀ ਸਭ ਵਿਸ਼ੇਸ਼ ਆਦਿ ਰਤਨ ਅਤੇ ਸੇਵਾ ਦੇ ਆਦਿ ਰਤਨ ਇਮਰਜ ਹੋਏ ਐਡਵਾਂਸ ਪਾਰਟੀ ਕਹਿੰਦੀ ਹੈ ਅਸੀਂ ਤਾਂ ਤਿਆਰ ਹਾਂ। ਕਿਸ ਗੱਲ ਦੇ ਲਈ ਤਿਆਰ ਹਨ? ਉਹ ਕਹਿੰਦੇ ਹਨ ਇਹ ਪ੍ਰਤਖਤਾ ਦਾ ਨਗਾੜਾ ਵਜਾਏ ਤਾਂ ਅਸੀਂ ਸਭ ਪ੍ਰਤੱਖ ਹੋਕੇ ਨਵੀਂ ਸ੍ਰਿਸ਼ਟੀ ਦੀ ਰਚਨਾ ਦੇ ਨਿਮਿਤ ਬਣਾਂਗੇ। ਅਸੀ ਤਾਂ ਆਹਵਾਨ ਕਰ ਰਹੇ ਹਾਂ ਕਿ ਨਵੀਂ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਆਉਣ। ਹੁਣ ਸਾਰਾ ਕੰਮ ਤੁਹਾਡੇ ਉਪਰ ਹੈ। ਨਗਾੜਾ ਵਜਾਓ। ਆ ਗਿਆ, ਆ ਗਿਆ …ਨਗਾੜਾ ਵਜਾਉਣਾ ਆਉਂਦਾ ਹੈ? ਵਜਾਉਣਾ ਤੇ ਹੈ ਨਾ! ਹੁਣ ਬਾਪ ਕਹਿੰਦੇ ਹਨ ਡੇਟ ਲੈ ਆਓ। ਤੁਸੀਂ ਲੋਕ ਵੀ ਕਹਿੰਦੇ ਹੋ ਨਾ ਕਿ ਡੇਟ ਦੇ ਬਿਨਾਂ ਕੰਮ ਨਹੀਂ ਹੁੰਦਾ ਹੈ। ਤਾਂ ਇਸਦੀ ਵੀ ਡੇਟ ਬਣਾਓ। ਡੇਟ ਬਣਾ ਸਕਦੇ ਹੋ? ਬਾਪ ਤਾਂ ਕਹਿੰਦੇ ਹਨ ਤੁਸੀਂ ਬਣਾਓ। ਬਾਪ ਕਹਿੰਦੇ ਹਨ ਅੱਜ ਹੀ ਬਣਾਓ। ਕਾਂਨਫਰੇਂਸ ਦੀ ਡੇਟ ਫਿਕਸ ਕੀਤੀ ਹੈ ਅਤੇ ਇਹ, ਇਸਦੀ ਵੀ ਕਾਂਨਫਰੇਂਚ ਕਰੋ ਨਾ! ਵਿਦੇਸ਼ੀ ਕੀ ਸਮਝਦੇ ਹਨ, ਡੇਟ ਫਿਕਸ ਹੋ ਸਕਦੀ ਹੈ? ਡੇਟ ਫਿਕਸ ਕਰੋਂਗੇ? ਹਾਂ ਜਾਂ ਨਾ! ਅੱਛਾ, ਦਾਦੀ ਜਾਨਕੀ ਦੇ ਨਾਲ ਰਾਏ ਕਰਨਾ। ਅੱਛਾ।

ਦੇਸ਼ ਵਿਦੇਸ਼ ਦੇ ਚਾਰੋ ਪਾਸੇ ਦੇ, ਬਾਪਦਾਦਾ ਦੇ ਅਤਿ ਸਮੀਪ, ਅਤਿ ਪਿਆਰੇ ਅਤੇ ਨਿਆਰੇ ਬਾਪਦਾਦਾ ਦੇਖ ਰਹੇ ਹਨ ਕਿ ਸਭ ਬੱਚੇ ਲਗਨ ਵਿੱਚ ਮਗਨ ਹੋ ਲਵਲੀਨ ਸਵਰੂਪ ਵਿੱਚ ਬੈਠੇ ਹੋਏ ਹਨ। ਸੁਣ ਰਹੇ ਹਨ ਅਤੇ ਮਿਲਣ ਦੇ ਝੂਲੇ ਵਿਚ ਝੂਲ ਰਹੇ ਹਨ। ਦੂਰ ਨਹੀਂ ਹਨ ਪਰ ਨੈਣਾਂ ਦੇ ਸਾਮ੍ਹਣੇ ਵੀ ਨਹੀਂ, ਸਮਾਏ ਹੋਏ ਹਨ। ਤਾਂ ਅਜਿਹੇ ਸਨਮੁੱਖ ਮਿਲਣ ਮਨਾਉਵਾਲੇ ਅਤੇ ਅਵਿਅਕਤ ਰੂਪ ਵਿਚ ਲਵਲੀਨ ਬੱਚੇ, ਸਦਾ ਬਾਪ ਸਮਾਨ ਤਿਆਗ, ਤਪੱਸਿਆ ਅਤੇ ਸੇਵਾ ਦਾ ਸਬੂਤ ਵਿਖਾਉਣ ਵਾਲੇ ਸਪੂਤ ਬੱਚੇ ਸਦਾ ਇਕਾਗਰਤਾ ਦੀ ਸ਼ਕਤੀ ਦਵਾਰਾ ਵਿਸ਼ਵ ਦਾ ਪਰਿਵਰਤਨ ਕਰਨ ਵਾਲੇ ਵਿਸ਼ਵ ਪਰਿਵਰਤਕ ਅਤੇ ਬਾਪ ਸਮਾਨ ਤੀਵਰ ਪੁਰਸ਼ਾਰਥ ਦ੍ਵਾਰਾ ਉੱਡਨ ਵਾਲੇ ਡਬਲ ਲਾਇਟ ਬੱਚਿਆਂ ਨੂੰ ਬਾਪਦਾਦਾ ਦਾ ਬਹੁਤ - ਬਹੁਤ ਯਾਦ ਪਿਆਰ ਅਤੇ ਨਮਸਤੇ।

ਰਾਜਸਥਾਨ ਦੇ ਸੇਵਾਧਾਰੀ :- ਬਹੁਤ ਚੰਗਾ ਸੇਵਾ ਦਾ ਚਾਂਸ ਰਾਜਸਥਾਨ ਨੂੰ ਮਿਲਿਆ ਰਾਜਸਥਾਨ ਦਾ ਜਿਵੇਂ ਨਾਮ ਹੈ ਰਾਜਸਥਾਨ, ਤਾਂ ਰਾਜਸਥਾਨ ਤੋਂ ਰਾਜੇ ਕਵਾਲਟੀ ਵਾਲੇ ਕੱਢੋ। ਪ੍ਰਜਾ ਨਹੀਂ, ਰਾਜ ਘਰਾਣੇ ਦੇ ਰਾਜੇ ਕੱਢੋ। ਉਦੋਂ ਜਿਵੇਂ ਨਾਮ ਹੈ ਰਾਜਸਥਾਨ, ਉਵੇ ਹੀ ਜਿਵੇਂ ਦਾ ਨਾਮ ਉਵੇਂ ਹੀ ਸੇਵਾ ਦੀ ਕਵਾਲਿਟੀ ਨਿਕਲੇਗੀ। ਹਨ ਕੋਈ ਛਿਪੇ ਹੋਏ ਰਾਜੇ ਲੋਕ ਜਾਂ ਹੁਣ ਬੱਦਲਾਂ ਵਿੱਚ ਹਨ? ਉਵੇਂ ਜੋ ਬਿਜਨੇਸਮੈਨ ਹਨ ਉਹਨਾਂ ਦੀ ਸੇਵਾ ਤੇ ਵਿਸ਼ੇਸ਼ ਅਟੈਂਸ਼ਨ ਹੋਵੇ। ਇਹ ਮਿਨਿਸਟਰ ਅਤੇ ਸੈਕੇਟਰੀ ਤਾਂ ਬਦਲਦੇ ਹੀ ਰਹਿੰਦੇ ਹਨ ਪਰ

ਬਿਜਨੇਸਮੈਨ ਬਾਪ ਤੋਂ ਬਿਜਨੇਸ ਕਰਾਉਣ ਵਿੱਚ ਵੀ ਅੱਗੇ ਵੱਧ ਸਕਦੇ ਹਨ। ਅਤੇ ਬਿਜਨੇਸਮੈਨ ਦੀ ਸੇਵਾ ਕਰਨ ਨਾਲ ਉਹਨਾਂ ਦੇ ਪਰਿਵਾਰ ਦੀਆਂ ਮਾਤਾਵਾਂ ਵੀ ਸਹਿਜ ਆ ਸਕਦੀ ਹੈ। ਇੱਕਲੀ ਮਾਤਾਵਾਂ ਨਹੀਂ ਚਲ ਸਕਦੀਆਂ ਹਨ ਪਰ ਜੇਕਰ ਘਰ ਦਾ ਥੰਬ ਆ ਜਾਂਦਾ ਹੈ ਤਾਂ ਪਰਿਵਾਰ ਆਪੇਹੀ ਹੌਲੀ - ਹੌਲੀ ਵੱਧਦਾ ਜਾਂਦਾ ਹੈ ਇਸਲਈ ਰਾਜਸਥਾਨ ਨੂੰ ਰਾਜੇ ਕਵਾਲਿਟੀ ਨਿਕਾਲਣੀ ਹੈ। ਇਵੇਂ ਕੋਈ ਨਹੀਂ ਹੈ, ਇਵੇਂ ਨਹੀਂ ਕਹੋ। ਥੋੜਾ ਲੱਭਣਾ ਪਵੇਗਾ ਪਰ ਹੈ। ਥੋੜ੍ਹਾ ਜਿਹਾ ਉਹਨਾਂ ਦੇ ਪਿੱਛੇ ਸਮੇਂ ਦੇਣਾ ਪੈਂਦਾ ਹੈ। ਬਿਜ਼ੀ ਰਹਿੰਦੇ ਹਨ ਨਾ! ਕੋਈ ਅਜਿਹੀ ਵਿਧੀ ਬਣਾਉਣੀ ਪੈਂਦੀ ਤਾਂ ਉਹ ਨਜ਼ਦੀਕ ਆਵੇ। ਬਾਕੀ ਚੰਗਾ ਹੈ, ਸੇਵਾ ਦਾ ਚਾਂਸ ਲਿਆ, ਹਰ ਇੱਕ ਜ਼ੋਨ ਲੈਂਦਾ ਹੈ ਇਹ ਬਹੁਤ ਚੰਗਾ ਨਜ਼ਦੀਕ ਆਉਣ ਅਤੇ ਦੁਆਵਾਂ ਲੈਣ ਦਾ ਸਾਧਨ ਹੈ। ਭਾਵੇਂ ਤੁਸੀਂ ਲੋਕਾਂ ਨੂੰ ਸਭ ਦੇਖਣਗੇ ਜਾਂ ਨਹੀਂ ਦੇਖਣਗੇ, ਜਾਣੇ ਜਾਂ ਨਹੀਂ ਜਾਣੇ, ਪਰ ਜਿੰਨੀ ਚੰਗੀ ਸੇਵਾ ਹੁੰਦੀ ਹੈ ਤਾਂ ਦੁਆਵਾਂ ਖੁਦ ਨਿਕਲਦੀ ਹੈ ਅਤੇ ਉਹ ਦੁਆਵਾਂ ਪਹੁੰਚਦੀਆਂ ਬਹੁਤ ਜਲਦੀ ਹਨ। ਦਿਲ ਦੀਆਂ ਦੁਆਵਾਂ ਹਨ ਨਾ! ਤਾਂ ਦਿਲ ਵਿੱਚ ਜਲਦੀ ਪਹੁੰਚਦੀ ਹੈ। ਬਾਪਦਾਦਾ ਤਾਂ ਕਹਿੰਦੇ ਹਨ ਸਭਤੋਂ ਸਹਿਜ ਪੁਰਸ਼ਾਰਥ ਹੈ ਦੁਆਵਾਂ ਦਵੋ ਅਤੇ ਦੁਆਵਾਂ ਲਵੋ। ਦੁਆਵਾਂ ਨਾਲ ਜਦੋਂ ਖਾਤਾ ਭਰ ਜਾਏਗਾ ਤਾਂ ਭਰਪੂਰ ਖ਼ਾਤੇ ਵਿੱਚ ਮਾਇਆ ਵੀ ਡਿਸਟਰਬ ਨਹੀਂ ਕਰੇਗੀ। ਜਮਾਂ ਦਾ ਬਲ ਮਿਲਦਾ ਹੈ। ਰਾਜੀ ਰਹੋ ਅਤੇ ਸੇਵਾ ਨੂੰ ਰਾਜ਼ੀ ਕਰੋ। ਹਰ ਇੱਕ ਦੇ ਸੁਭਾਵ ਦਾ ਰਾਜ਼ ਜਾਣਕੇ ਰਾਜੀ ਕਰੋ। ਇਵੇਂ ਨਹੀਂ ਕਹੋ ਇਹ ਤਾਂ ਹੈ ਹੀ ਨਾਰਾਜ਼। ਤੁਸੀਂ ਖੁਦ ਰਾਜ਼ ਨੂੰ ਜਾਣ ਜਾਓ ਫਿਰ ਦੁਆਵਾਂ ਦੀ ਦਵਾ ਦਵੋ। ਤਾਂ ਸਹਿਜ ਹੋ ਜਾਏਗਾ। ਠੀਕ ਹੈ ਨਾ ਰਾਜਸਥਾਨ। ਰਾਜਸਥਾਨ ਦੀ ਟੀਚਰਸ ਉੱਠੋ। ਸੇਵਾ ਦੀ ਮੁਬਾਰਕ ਹੋਵੇ। ਤਾਂ ਸਹਿਜ ਪੁਰਸ਼ਾਰਥ ਕਰੋ, ਦੁਆਵਾਂ ਦਿੰਦੇ ਜਾਓ। ਲੈਣ ਦਾ ਸੰਕਲਪ ਨਹੀਂ ਕਰੋ, ਦਿੰਦੇ ਜਾਓ ਤਾਂ ਮਿਲਦਾ ਜਾਏਗਾ। ਦੇਣਾ ਹੀ ਲੈਣਾ ਹੈ। ਠੀਕ ਹੈ ਨਾ! ਇਵੇਂ ਹੈ ਨਾ! ਦਾਤਾ ਦੇ ਬੱਚੇ ਹੈ ਨਾ! ਕੋਈ ਦਵੇ ਤਾਂ ਦੇਣ। ਨਹੀਂ, ਦਾਤਾ ਬਣਕੇ ਦਿੰਦੇ ਜਾਓ ਤਾਂ ਆਪੇਹੀ ਮਿਲੇਗਾ। ਅੱਛਾ।

ਜੋ ਇਸ ਕਲਪ ਵਿੱਚ ਪਹਿਲੀ ਵਾਰ ਆਏ ਹਨ ਉਹ ਹੱਥ ਉਠਾਓ। ਅੱਧੇ ਪਹਿਲੇ ਵਾਲੇ ਆਉਂਦੇ ਹਨ, ਅੱਧੇ ਨਵੇਂ ਆਉਂਦੇ ਹਨ। ਅੱਛਾ - ਪਿੱਛੇ ਵਾਲੇ, ਕਿਨਾਰੇ ਵਿੱਚ ਬੈਠੇ ਹੋਏ ਸਭ ਸਹਿਯੋਗੀ ਹੋ? ਸਹਿਜ ਯੋਗੀ ਹੋ ਤਾਂ ਇੱਕ ਹੱਥ ਉਠਾਓ। ਅੱਛਾ।

ਵਿਦਾਈ ਦੇ ਸਮੇਂ:- (ਬਾਪਦਾਦਾ ਨੂੰ ਰੱਥ ਯਾਤਰਾਵਾਂ ਦਾ ਸਮਾਚਾਰ ਸੁਣਾਇਆ) ਚਾਰੋਂ ਪਾਸੇ ਦਾ ਯਾਤਰਾਵਾਂ ਦਾ ਸਮਾਚਾਰ ਸਮੇਂ ਪ੍ਰਤੀ ਸਮੇਂ ਬਾਪਦਾਦਾ ਦੇ ਕੋਲ ਆਉਂਦਾ ਰਹਿਣਾ ਹੈ। ਅੱਛਾ ਸਭ ਉਮੰਗ -ਉਤਸ਼ਾਹ ਨਾਲ ਸੇਵਾ ਦਾ ਪਾਰ੍ਹ ਵਜਾ ਰਹੇ ਹਨ। ਭਗਤਾਂ ਦੀਆਂ ਦੁਆਵਾਂ ਮਿਲ ਰਹੀਆਂ ਹਨ ਜਿਨਾਂ ਭਗਤਾਂ ਦੀ ਭਗਤੀ ਪੂਰੀ ਹੋਈ, ਉਹਨਾਂ ਨੂੰ ਬਾਪ ਦਾ ਪਰਿਚੇ ਮਿਲ ਜਾਏਗਾ ਅਤੇ ਪਰੀਚੇ ਵਾਲਿਆਂ ਨਾਲ ਜੋ ਬੱਚੇ ਬਣੇ ਹੋਣਗੇ ਉਹ ਵੀ ਦਿਖਾਈ ਦਿੰਦੇ ਰਹਿਣਗੇ। ਬਾਕੀ ਸੇਵਾ ਚੰਗੀ ਚਲ ਰਹੀ ਹੈ ਅਤੇ ਜੋ ਵੀ ਸਾਧਨ ਬਣਾਇਆ ਹੈ ਉਹ ਸਾਧਨ ਚੰਗਾ ਸਭਨੂੰ ਆਕਰਸ਼ਿਤ ਕਰ ਰਿਹਾ ਹੈ। ਹੁਣ ਰਿਜ਼ਲਟ ਵਿੱਚ ਕੌਣ - ਕੌਣ ਕਿਸ ਕੇਟਗਿਰੀ ਵਿੱਚ ਨਿਕਲਦਾ ਹੈ ਉਹ ਪਤਾ ਲਗ ਜਾਏਗਾ ਪਰ ਭਗਤਾਂ ਨੂੰ ਵੀ ਤੁਸੀਂ ਸਭਦੀ ਨਜ਼ਰ -ਦ੍ਰਿਸ਼ਟੀ ਮਿਲੀ, ਪਰਿਚੇ ਮਿਲਿਆ -ਇਹ ਵੀ ਚੰਗਾ ਸਾਧਨ ਹੈ। ਹੁਣ ਅੱਗੇ ਵਧਕੇ ਇਹਨਾਂ ਦੀ ਸੇਵਾ ਕਰ ਅੱਗੇ ਵੱਧਦੇ ਰਹਿਣਾ। ਜੋ ਵੀ ਰੱਥ ਯਾਤਰਾ ਵਿੱਚ ਸੇਵਾ ਕਰ ਰਹੇ ਹਨ, ਅਥੱਕ ਬਣ ਸੇਵਾ ਕਰ ਰਹੇ ਹਨ, ਉਹਨਾਂ ਸਭਨੂੰ ਯਾਦਪਿਆਰ। ਬਾਪਦਾਦਾ ਸਭਨੂੰ ਦੇਖਦੇ ਰਹਿੰਦੇ ਹਨ ਅਤੇ ਸਫ਼ਲਤਾ ਤਾਂ ਜਨਮ ਸਿੱਧ ਅਧਿਕਾਰ ਹੈ। ਅੱਛਾ।

ਮਾਰਿਸ਼ਸ ਵਿੱਚ ਆਪਣੇ ਈਸ਼ਵਰੀ ਵਿਧਿਆਲਾ ਨੂੰ ਨੈਸ਼ਨਲ ਯੂਨਿਟੀ ਪ੍ਰਾਇਮ ਮਿਨਿਸਟਰ ਦਵਾਰਾ ਮਿਲਿਆ ਹੈ : - ਮਾਰਿਸ਼ਸ ਉਵੇਂ ਵੀ ਵੀ.ਆਈ, ਪੀ.ਦਾ ਕਾਨੇਸ਼ਨ ਚੰਗਾ ਰਿਹਾ ਹੈ ਅਤੇ ਪ੍ਰਭਾਵ ਵੀ ਚੰਗਾ ਹੈ ਇਸਲਈ ਗੁਪਤ ਸੇਵਾ ਦਾ ਫਲ ਮਿਲਦਾ ਹੈ ਤਾਂ ਸਭ ਨੂੰ ਖਾਸ ਮੁਬਾਰਕ। ਅੱਛਾ, ਓਮ ਸ਼ਾਂਤੀ।

ਵਰਦਾਨ:- ਸਵਾਸੋਂ ਸਵਾਸ਼ ਨਾਲ ਯਾਦ ਅਤੇ ਸੇਵਾ ਦੇ ਬੈਲੇਂਸ ਦਵਾਰਾ ਬਲੈਸਿੰਗ ਪ੍ਰਾਪਤ ਕਰਨ ਵਾਲੇ ਸਦਾ ਪ੍ਰਸਨਚਿਤ ਭਵ

ਜਿਵੇਂ ਅਟੈਂਸ਼ਨ ਰੱਖਦੇ ਹੋ ਕਿ ਯਾਦ ਦਾ ਲਿੰਕ ਸਦਾ ਜੁਟਿਆ ਰਹੇ ਉਵੇਂ ਸੇਵਾ ਵਿੱਚ ਵੀ ਸਦਾ ਲਿੰਕ ਜੁਟਿਆ ਰਹੇ। ਸਵਾਸ਼ੋਂ ਸਵਾਸ਼ ਯਾਦ ਅਤੇ ਸ਼ਵਾਸੋ ਸਵਾਸ ਸੇਵਾ ਹੋਵੇ - ਇਸਨੂੰ ਕਹਿੰਦੇ ਹਨ ਬੈਲੇਂਸ, ਇਸ ਬੈਲੇਂਸ ਨਾਲ ਸਦਾ ਬਲੈਸਿੰਗ ਦਾ ਅਨੁਭਵ ਕਰਦੇ ਰਹਿਣਗੇ ਅਤੇ ਇਹੀ ਆਵਾਜ਼ ਦਿਲ ਤੋਂ ਨਿਕਲੇਗਾ ਕਿ ਅਸ਼ੀਰਵਾਦਾ ਨਾਲ ਪਲ ਰਹੇ ਹਨ। ਮਿਹਨਤ ਨਾਲ, ਯੁੱਧ ਨਾਲ ਛੁੱਟ ਜਾਣਗੇ। ਕੀ, ਕਿਉਂ, ਕਿਵੇ ਇਹਨਾਂ ਪ੍ਰਸ਼ਨਾਂ ਤੋਂ ਮੁਕਤ ਹੋ ਸਦਾ ਪ੍ਰਸਨਚਿਤ ਰਹਿਣਗੇ। ਫਿਰ ਸਫ਼ਲਤਾ ਜਨਮ ਸਿੱਧ ਅਧਿਕਾਰ ਦੇ ਰੂਪ ਵਿੱਚ ਅਨੁਭਵ ਹੋਵੇਗੀ।

ਸਲੋਗਨ:- ਬਾਪ ਤੋਂ ਇਨਾਮ ਲੈਣਾ ਹੈ ਤਾਂ ਖੁਦ ਨਾਲ ਤੇ ਸਾਥੀਆਂ ਨਾਲ ਅਤੇ ਸਾਥੀਆਂ ਤੋਂ ਨਿਰਵਿਗਣ ਰਹਿਣ ਦਾ ਸਰਟੀਫਿਕੇਟ ਸਾਥ ਹੋ

******